
ਤਲਾਸ਼ ਦੇ ਗੁਲਜ਼ਾਰ
ਡਿਜੀਟਲ ਕਲਮਾਂ ਵਾਲ਼ੇ

# ਤਲਾਸ਼ ਦੇ ਗੁਲਜ਼ਾਰ

## ਡਿਜੀਟਲ ਕਲਮਾਂ ਵਾਲ਼ੇ



# ਤਲਾਸ਼ ਏ ਗੁਲਜ਼ਾਰ

## ਡਿਜੀਟਲ ਕਲਮਾਂ ਵਾਲੇ

( ਅੰਕ ਤੀਜਾ )

ਇੰਸਟਾਗ੍ਰਾਮ : AUNDE_JANDE_KHIYAL

ਮੋਬਾਈਲ ਨੰਬਰ : + 91 9779670711

ਪੀ ਡੀ ਐੱਫ ਐਡੀਟਰ : GURIGURPREET498

Published on: 01 September 2024

ਸੰਪਾਦਕ : ਗੁਰਪ੍ਰੀਤ ਗੁਰੀ, ਰਬਾਬਪ੍ਰੀਤ ਕੌਰ, ਕਰੇਜ਼ੀ ਰਾਇਟਰ, ਰਜਵਿੰਦਰ ਕੌਰ

DIGITALKALMANWALE@GMAIL.COM

# ਤਤਕਰਾ


| | | |
|---|---|---|
| 1. | ਤਲਾਸ਼ ( ਗੁਰਪ੍ਰੀਤ ਗੁਰੀ ) | 5 |
| 2. | ਇੱਕ ਵਾਅਦਾ ( ਗੁਰਪ੍ਰੀਤ ਗੁਰੀ ) | 6 |
| 3. | ਮੁਲਾਕਾਤ ( ਗੁਰਪ੍ਰੀਤ ਗੁਰੀ ) | 7 |
| 4. | ਸ਼ਿਵ ਦੀ ਕਵਿਤਾ (ਗੁਰਪ੍ਰੀਤ ਗੁਰੀ ) | 8 |
| 5. | ਗੁਨਾਹ ਲੱਗਦਾ ਹੈ (ਗੁਰਪ੍ਰੀਤ ਗੁਰੀ ) | 9 |
| 6. | ਉਪਕਾਰ ਵੀ ਕਰਨਾ ਪੈਂਦਾ ਹੈ ( ਜੀ ਚੰਨੀ ਪਠਲਾਵਾ ) | 10 |
| 7. | ਭੁੱਲ ਗਏ ਨੇ ( ਜੀ ਚੰਨੀ ਪਠਲਾਵਾ ) | 12 |
| 8. | ਯਾਰ ਮਤਲਬੀ ( ਜੀ ਚੰਨੀ ਪਠਲਾਵਾ ) | 13 |
| 9. | ਵਿਸ਼ਵਾਸ ਨਾ ਕਰੀਂ ( ਜੀ ਚੰਨੀ ਪਠਲਾਵਾ ) | 14 |
| 10. | ਪਾਗ਼ਲ ਸ਼ਾਇਰ ( ਜਸਕਰਨ ਬੰਗਾ ) | 15 |
| 11. | ਫ਼ਰਕ ( ਜਸਕਰਨ ਬੰਗਾ ) | 16 |
| 12. | ਨਕਲੀ ਹਾਸੇ ( ਜਸਕਰਨ ਬੰਗਾ ) | 17 |
| 13. | ਇਸ਼ਕ ਨਿਸ਼ਾਨਾ ( ਰਬਾਬਪ੍ਰੀਤ ਕੌਰ ) | 18 |
| 14. | ਖ਼ਵਾਹਿਸ਼ ਏ ਦਿਲ ( ਰਬਾਬਪ੍ਰੀਤ ਕੌਰ ) | 19 |
| 15. | ਨਿਰਭਰ( ਰਬਾਬਪ੍ਰੀਤ ਕੌਰ ) | 20 |
| 16. | ਸੱਜਦਾ ( ਰਜਵਿੰਦਰ ਕੌਰ ) | 21 |
| 17. | ਜ਼ਰੂਰੀ ਤਾਂ ਨਹੀਂ ( ਰਜਵਿੰਦਰ ਕੌਰ ) | 22 |
| 18. | ਇਬਤਿਦਾ ( ਹਰਮਨਪ੍ਰੀਤ ਸਿੰਘ ) | 24 |
| 19. | ਰੱਬ ਦੇ ਸ਼ਰੀਕ ( ਹਰਮਨਪ੍ਰੀਤ ਸਿੰਘ ) | 25 |

| | | |
|---|---|---|
| 20. | ਮਾਂ ਮੁਹੱਬਤ ( ਹਰਮਨਪ੍ਰੀਤ ਸਿੰਘ ) | 26 |
| 21. | ਮੇਰੇ ਵਰਗਾ ਬੰਦਾ ( ਹਰਮਨਪ੍ਰੀਤ ਸਿੰਘ ) | 27 |
| 22. | ਖੱਚ ਬੰਦੇ ( ਹਰਮਨਪ੍ਰੀਤ ਸਿੰਘ ) | 28 |
| 23. | ਨਾਂਹ ਤੇ ਹਾਂ ( ਰਵੀ ਕੁਮਾਰ ) | 29 |
| 24. | ਜਿਸਮਾਂ ਨਾਲੋਂ ਸੋਚ ਵੱਡੀ ( ਰਵੀ ਕੁਮਾਰ ) | 31 |
| 25. | ਮੁਲਾਕਾਤ ( ਲਵਲੀ ਪਠਲਾਵਾ ) | 32 |
| 26. | ਅੱਜ ਸਵੇਰੇ ਚੜ੍ਹਿਆ ( ਲਵਲੀ ਪਠਲਾਵਾ ) | 34 |
| 27. | ਕੁੜੀਆਂ ( ਲਵਲੀ ਪਠਲਾਵਾ ) | 37 |
| 28. | ਪੰਜਾਬ ( ਜਸਪ੍ਰੀਤ ਬੰਗਾ ) | 39 |
| 29. | ਦਿਲ ਦੀ ਆਵਾਜ਼ ( ਰਜਿੰਦਰ ਕੌਰ ) | 41 |
| 30. | ਰੂਹ ਦੀ ਤਨਹਾਈ ( ਰਜਿੰਦਰ ਕੌਰ ) | 42 |
| 31. | ਮੁਹੱਬਤ ( ਕਮਲ ਲਧਾਣਾ ) | 43 |
| 32. | ਚਿਹਰਾ ਮਾਸੂਮ ( ਕਰੇਜ਼ੀ ਰਾਇਟਰ ) | 45 |
| 33. | ਮੁਸਾਫ਼ਿਰ ( ਕਰੇਜ਼ੀ ਰਾਇਟਰ ) | 47 |

www.punjabilibrary.com

# ਤਲਾਸ਼

ਖ਼ੁਸ਼ਬੂ ਲਈ ਗੁਲਜ਼ਾਰ ਤਲਾਸ਼ਣ ਤੁਰਿਆ ਸੀ
ਸੁੱਖ ਦੇ ਲਮਹੇ ਚਾਰ ਤਲਾਸ਼ਣ ਤੁਰਿਆ ਸੀ

ਰੂਹ ਨੂੰ ਛੱਲੀ ਕਰ ਛੱਡਿਆ ਹੈ ਮਹਿਰਮ ਨੇ
ਮੈਂ ਤਾਂ ਰੂਹ ਦਾ ਯਾਰ ਤਲਾਸ਼ਣ ਤੁਰਿਆ ਸੀ

ਮੇਰੇ ਹਿੱਸੇ ਧੋਖਾ ਆਇਆ ਹਰ ਵਾਰੀ
ਉਂਝ ਘਰ ਤੋਂ ਇਤਬਾਰ ਤਲਾਸ਼ਣ ਤੁਰਿਆ ਸੀ

ਗਲ਼ ਵਿੱਚ ਪਾ ਕੇ ਤੁਰ ਗਿਆ ਰੱਸਾ ਬਿਰਹੋਂ ਦਾ
ਜਿਸ ਦੇ ਗਲ਼ ਲਈ ਹਾਰ ਤਲਾਸ਼ਣ ਤੁਰਿਆ ਸੀ

ਸਾਰੀ ਜ਼ਿੰਦਗੀ ਭਟਕਣ ਦੇ ਵਿੱਚ ਲੰਘ ਚੱਲੀ
ਪਾਗ਼ਲ ਸੀ ਮੈਂ ਪਿਆਰ ਤਲਾਸ਼ਣ ਤੁਰਿਆ ਸੀ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ:** GURIGURPREET498

# ਇੱਕ ਵਾਅਦਾ

ਸਭ ਤੋਂ ਪਹਿਲਾਂ ਨੇੜੇ ਆਣ ਖਲੋਵਾਂਗੀ
ਹੁਣ ਨਹੀਂ ਕੋਲ਼ੇ, ਪਰ ਉਸ ਵੇਲੇ ਹੋਵਾਂਗੀ

ਹਾਲੇ ਮੇਰਾ ਮਨ ਨਹੀਂ ਕਰਦਾ ਲਿਖਣੇ ਦਾ
ਬਾਅਦ 'ਚ ਯਾਦਾਂ ਲਿਖਤਾਂ ਵਿੱਚ ਪਰੋਵਾਂਗੀ

ਤੇਰੀ ਰੂਹ ਤੱਕ ਪੱਕਾ ਠੰਡਕ ਪਹੁੰਚੇਗੀ
ਜਦ ਅਸ਼ਕਾਂ ਨਾਲ਼ ਤੇਰਾ ਘਰ ਮੈਂ ਧੋਵਾਂਗੀ

ਕਹਿੰਦੀ ਕੀ ਹੋਇਆ ਜੇ ਹੁਣ ਅੱਖ ਭਰਦੀ ਨਹੀਂ
ਤੇਰੇ ਮਰਨ ਦੇ ਉੱਤੇ ਪੱਕਾ ਰੋਵਾਂਗੀ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ:** GURIGURPREET498

# ਮੁਲਾਕਾਤ

ਕੋਲ਼ ਮੇਰੇ ਉਹ ਬਹਿ ਕੇ ਗਈ ਹੈ
ਦਿਲ ਮੇਰੇ ਨਾਲ ਖਹਿ ਕੇ ਗਈ ਹੈ

ਗੱਲਾਂ ਕਈ ਸਮਝਾ ਗਈ ਮੈਨੂੰ
ਨਾਲ਼ੇ ਕਮਲ਼ਾ ਕਹਿ ਕੇ ਗਈ ਹੈ

ਖੋਲ੍ਹ ਗਈ ਹੈ ਸਾਰੀਆਂ ਗੁੰਝਲਾਂ
ਨਾਲ਼ ਸਾਰੇ ਗਮ ਲੈ ਕੇ ਗਈ ਹੈ

ਰੂਹ ਮੇਰੀ ਦੇ ਅੰਦਰੋਂ ਲੰਘੀ
ਪਾਣੀ ਵਾਂਗਰ ਵਹਿ ਕੇ ਗਈ ਏ

ਹੀਰ ਦੇ ਪਿੰਡ ਦੇ ਨੇੜੇ ਦੀ ਉਹ
ਹੀਰ ਪੜ੍ਹਨ ਲਈ ਦੇ ਕੇ ਗਈ ਹੈ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ:** GURIGURPREET498

# ਸ਼ਿਵ ਦੀ ਕਵਿਤਾ

ਫਿਰ ਤੋਂ ਨੇਤਰ ਚੋਣ ਲੱਗੇ ਨੇ
ਅਚਨਚੇਤ ਹੀ ਰੋਣ ਲੱਗੇ ਨੇ

ਪੀੜ੍ਹਾਂ ਦੀ ਦਰਗਾਹ ਵਿੱਚ ਬੈਠੇ
ਪੀੜ੍ਹਾਂ ਵਾਂਗਰ ਹੋਣ ਲੱਗੇ ਨੇ

ਮਹਿਰਮ ਨੇ ਨਾ ਖੋਲੀਆਂ ਬਾਹਾਂ
ਗਮ ਗਲਵਕੜੀ ਪਾਉਣ ਲੱਗੇ ਨੇ

ਹਉਕੇ ਹੰਝੂ ਦਰਦ ਮੇਰੇ ਤੇ
ਆਪਣਾ ਹੱਕ ਜਤਾਉਣ ਲੱਗੇ ਨੇ

ਕਿਸਮਤ ਦੀ ਤਲੀਆਂ ਦੇ ਉੱਤੇ
"ਮਿਰਚਾਂ ਦੇ ਪੱਤਰ" ਲਾਉਣ ਲੱਗੇ ਨੇ

ਖੋਲ੍ਹ ਸਮੁੱਚੀ ਕਵਿਤਾ ਸ਼ਿਵ ਦੀ
ਬਿਰਹਾ ਬਿਰਹਾ ਗਾਉਣ ਲੱਗੇ ਨੇ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ:** GURIGURPREET498

# ਗੁਨਾਹ ਲੱਗਦਾ ਹੈ

ਖਿੜਨੋਂ ਪਹਿਲਾਂ ਕਹਿਰ ਢਾਹ ਦਿੰਦੇ
ਪੱਥਰ ਕਲੀਆਂ ਕੱਚੀਆਂ ਉੱਤੇ
ਬਣ ਰਾਕਸ਼ ਇਹ ਟੁੱਟ ਪੈਂਦੇ ਨੇ
ਕਾਮ 'ਚ ਗਰਕੇ ਬੱਚੀਆਂ ਉੱਤੇ

ਏਸ ਸ਼ਹਿਰ ਦੀਆਂ ਗਲੀਆਂ ਦੇ ਵਿੱਚ
ਔਖਾ ਲੈਣਾ ਸਾਹ ਲੱਗਦਾ ਹੈ
ਹੁਣ ਤੇ ਮੈਨੂੰ ਆਪਣੇ ਆਪ ਨੂੰ
ਔਰਤ ਹੋਣਾ ਗੁਨਾਹ ਲੱਗਦਾ ਹੈ

ਜਬਰ ਜਨਾਹ ਦੀਆਂ ਲੱਗੀਆਂ ਲੜੀਆਂ
ਰਹਿੰਦੀਆਂ ਨੇ ਅਖ਼ਬਾਰਾਂ ਭਰੀਆਂ
ਕੁੱਤੀ ਹੈ ਸਰਕਾਰ ਵੀ ਜੀਹਨੇ
ਗੁਨਾਹਗਾਰਾਂ ਦੀਆਂ ਬਾਹਾਂ ਫੜ੍ਹੀਆਂ

ਸੀ ਜਿੱਥੋਂ ਮੈਂ ਰੋਜ਼ ਗੁਜ਼ਰਦੀ
ਹੋਰ ਡਰਾਉਣਾ ਰਾਹ ਲੱਗਦਾ ਹੈ
ਹੁਣ ਤੇ ਮੈਨੂੰ ਆਪਣੇ ਆਪ ਨੂੰ
ਔਰਤ ਹੋਣਾ ਗੁਨਾਹ ਲੱਗਦਾ ਹੈ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ:** GURIGURPREET498

# ਉਪਕਾਰ ਵੀ ਕਰਨਾ ਪੈਂਦਾ ਹੈ

ਕੌਲਾਂ ਤੇ ਹਾਰੇ ਨਾਲ ਕਦੇ
ਇਕਰਾਰ ਵੀ ਕਰਨਾ ਪੈਂਦਾ ਹੈ
ਕਈ ਵਾਰੀ ਬੇਇਤਬਾਰੇ ਤੇ
ਇਤਬਾਰ ਵੀ ਕਰਨਾ ਪੈਂਦਾ ਹੈ

ਕੀ ਦੋਸ਼ ? ਜੇ ਸੁਣ ਕੇ ਬਹਿਸ ਪਏ
ਮੁੱਲਾਂ ਤੋਂ ਕਿੱਸਾ ਹੂਰਾਂ ਦਾ
ਗੱਲ ਝੂਠੀ ਨੂੰ ਕੌਣ ਜਰੇ
ਤਕਰਾਰ ਵੀ ਕਰਨਾ ਪੈਂਦਾ ਹੈ

ਜਦ ਹੁਸਨ ਇਸ਼ਕ ਦੀਆਂ ਗੱਲਾਂ ਨੇ
ਫਿਰ ਰੋਸਾ ਸ਼ਿਕਵਾ ਕਿਸ ਗੱਲ ਤੇ
ਇਕਰਾਰ ਵੀ ਕਰਨੇ ਪੈਂਦੇ ਨੇ
ਇਨਕਾਰ ਵੀ ਕਰਨਾ ਪੈਂਦਾ ਹੈ

ਕੀ ਹੋਇਆ ਸ਼ਮਾ ਤੇ ਸੜਕੇ ਜੇ
ਪਰਵਾਨੇ ਨੇ ਕੁਝ ਖੱਟਿਆ ਨਹੀਂ
ਪਰ ਸ਼ੌਂਕ ਦੀ ਖ਼ਾਤਰ ਘਾਟੇ ਦਾ
ਵਿਉਪਾਰ ਵੀ ਕਰਨਾ ਪੈਂਦਾ ਹੈ

ਜ਼ਰੂਰੀ ਨਹੀਂ ਗੱਲ ਮੁਹੱਬਤ ਦੀ
ਮੂੰਹੋਂ ਬੋਲ ਕੇ ਦੱਸੀ ਜਾਵੇ
ਅੱਖੀਆਂ ਦੇ ਰਾਹੀਂ ਗੱਲਾਂ ਦਾ
ਇਜ਼ਹਾਰ ਵੀ ਕਰਨਾ ਪੈਂਦਾ ਹੈ

ਜੇ ਲੁਕ ਕੇ ਪੀਣੀ ਚਾਹੁੰਦਾ ਏ
ਸਾਕੀ ਦੇ ਜਾਮ ਇੱਕ ਮੁੱਲਾਂ ਨੂੰ
ਪੈਰਾਂ ਵਿੱਚ " ਚੰਨੀ " ਕੋਈ ਡਿੱਗ ਪਏ ਤਾਂ
ਉੱਥੇ ਉਪਕਾਰ ਵੀ ਕਰਨਾ ਪੈਂਦਾ ਹੈ


**❀❀ ਜੀ " ਚੰਨੀ " ਪਠਲਾਵਾ ❀❀**

**ਮੋਬਾਇਲ ਨੰਬਰ :** +91 79019-61352

# ਭੁੱਲ ਗਏ ਨੇ

ਜਿਹਨਾਂ ਆਸ਼ਕਾਂ ਦੀ ਸੀ ਆਸ਼ਕ ਪੂਜਾ ਕਰਦੇ
ਉਹ ਆਪ ਹੀ ਇਹਨਾਂ ਵਿੱਚ ਰੁਲ਼ ਗਏ ਨੇ

ਜਿਹਨਾਂ ਉੱਤੇ ਕਦੇ ਅਸੀਂ ਕਰਦੇ ਸੀ ਮਾਣ ਹੁੰਦੇ
ਉਹ ਯਾਰ ਹੀ ਸਾਨੂੰ ਅੱਜ-ਕੱਲ੍ਹ ਭੁੱਲ ਗਏ ਨੇ

ਜਾਂ ਹੁਣ ਰੱਬ ਜਾਣੇ ਜਾਂ ਉਹ ਯਾਰ ਜਾਨਣ
ਨੈਣ ਉਹਨਾਂ ਦੇ ਕਿਸ ਦੇ ਉੱਤੇ ਡੁੱਲ ਗਏ ਨੇ

ਉਹਨਾਂ ਦੇ ਵਿਹੜੇ ਅੱਜ ਕੱਲ੍ਹ ਖੁਸ਼ੀਆਂ ਦੇ ਝੰਡੇ
ਪਰ ਸਾਡੇ ਵਿਹੜੇ ਗ਼ਮਾਂ ਦੇ ਝੰਡੇ ਝੁੱਲ ਗਏ ਨੇ

ਹੁੰਦਾ ਸੀ ਇੱਕ " ਚੰਨੀ ਪਿੰਡ ਪਠਲਾਵੇ " ਰਹਿੰਦਾ
ਅੱਜ ਕੱਲ੍ਹ ਯਾਰ ਉਸਦੇ ਕਿਉਂ ਉਸਨੂੰ ਭੁੱਲ ਗਏ ਨੇ


ꕥ❀❀ **ਜੀ " ਚੰਨੀ " ਪਠਲਾਵਾ** ❀❀ꕥ

**ਮੋਬਾਇਲ ਨੰਬਰ** : +91 79019-61352

# ਯਾਰ ਮਤਲਬੀ

ਹਰ ਇੱਕ ਮੁਸ਼ਕਿਲ ਜਿਹੜੇ ਬੰਦੇ ਹੱਸਕੇ ਝੱਲਦੇ ਨੇ
ਉਹ ਬੰਦੇ ਹੀ ਇੱਕ ਦਿਨ ਤੂਫ਼ਾਨਾਂ ਨੂੰ ਠੱਲਦੇ ਨੇ

ਜਿਹੜੇ ਹੁਸਨ ਦੇ ਸੂਰਜ ਸਿਖ਼ਰਾਂ ਨੂੰ ਛੂੰਹਦੇ ਨੇ
ਆਖ਼ਿਰ ਉਹ ਸੂਰਜ ਵੀ ਇੱਕ ਦਿਨ ਢੱਲਦੇ ਨੇ

ਇਸ ਦੁਨੀਆਂ ਵਿੱਚ ਕਿਸਦਾ ਮੈਂ ਇਤਬਾਰ ਕਰਾਂ
ਆਪਣਾ ਆਪਣਾ ਕਹਿ ਕੇ ਹੀ ਸਾਰੇ ਛੱਲਦੇ ਨੇ

ਪਾ ਹੀ ਲੈਂਦੇ ਨੇ ਮੰਜ਼ਿਲ ਇੱਕ ਦਿਨ ਉਹ ਰਾਹੀ
ਇੱਕ ਚਿੱਤ ਹੋ ਕੇ ਜੋ ਮੰਜ਼ਿਲ ਵੱਲ ਨੂੰ ਚੱਲਦੇ ਨੇ

ਰੌਸ਼ਨੀਆਂ ਦੀ ਹੁਣ ਸਾਨੂੰ ਕੋਈ ਲੋੜ ਨਹੀਂ
ਸਾਡੇ ਦਾਗ਼ ਹਿਜਰ ਦੇ ਹੀ ਲੱਟ ਲੱਟ ਬਲ਼ਦੇ ਨੇ

ਆਪਣੇ ਮਤਲਬ ਖ਼ਾਤਿਰ ਹੀ ਮਿਲਦੇ ਨੇ " ਚੰਨੀ "
ਇੱਥੇ ਯਾਰ ਮਤਲਬੀ ਬਹੁਤੇ ਹੀ ਅੱਜ ਕੱਲ੍ਹ ਦੇ ਨੇ


**ਜੀ " ਚੰਨੀ " ਪਠਲਾਵਾ**

**ਮੋਬਾਇਲ ਨੰਬਰ: +91** 79019-61352

# ਵਿਸ਼ਵਾਸ ਨਾ ਕਰੀ

ਸਾਥ ਨਿਭਾਉਣ ਵਾਲ਼ਾ ਨਹੀਂ ਕੋਈ ਮਿਲ਼ਦਾ
ਅੱਧ ਵਿਚਕਾਰ ਛੱਡਣ ਵਾਲ਼ੇ ਤਾਂ ਬਥੇਰੇ ਨੇ

ਹੁਣ ਦੂਰ ਜਾਣ ਦੀ ਕੋਈ ਲੋੜ ਨਹੀਂ ਸੱਜਣਾ
ਜੜਾਂ ਵੱਢਣ ਵਾਲ਼ੇ ਤਾਂ ਤੇਰੇ ਹੀ ਬਹੁਤ ਨੇੜੇ ਨੇ

ਸੱਚ ਉੱਜੜਦਾ ਦੇਖਿਆ ਮੈਂ ਆਪਣੇ ਅੱਖੀਂ
ਝੂਠ ਦੇ ਵੱਸਦੇ ਇੱਥੇ ਬਹੁਤ ਹੀ ਡੇਰੇ ਨੇ

ਬਹੁਤਾ ਵਿਸ਼ਵਾਸ ਨਾ ਕਰੀ ਚੰਨੀ ਕਿਸੇ ਤੇ
ਇਹ ਅੰਦਰੋਂ ਕੁਝ ਹੋਰ ਤੇ ਉੱਤੋਂ ਉੱਤੋਂ ਤੇਰੇ ਨੇ

**ਜੀ " ਚੰਨੀ " ਪਠਲਾਵਾ**

**ਮੋਬਾਇਲ ਨੰਬਰ:** +91 79019-61352

# ਪਾਗ਼ਲ ਸ਼ਾਇਰ

ਅੰਬਰੀਂ ਤਾਰੇ ਕਰਨ ਮਖੌਲਾਂ
ਜਦ ਵੀ ਤੇਰੀਆਂ ਬਾਤਾਂ ਪਾਵੇ

ਫੁੱਲਾਂ ਵਿੱਚੋਂ ਮਹਿਕ ਭਾਲਦਾ
ਸ਼ਾਇਦ ਤੇਰੇ ਹੱਥਾਂ ਦੀ ਆਵੇ

ਲੋਕੀਂ ਹੱਸਕੇ "ਪਾਗ਼ਲ" ਆਖਣ
ਕੋਈ "ਸ਼ਾਇਰ" ਆਖ ਬੁਲਾਵੇ

ਸ਼ਾਇਰ, ਪਾਗ਼ਲ ਕਿੱਦਾਂ ਬਣ ਗਏ
"ਪਾਗ਼ਲ" ਕੀਹਨੂੰ ਕੀ ਸਮਝਾਵੇ

**ਜਸਕਰਨ ਬੰਗਾ**

**ਇੰਸਟਾਗ੍ਰਾਮ:** BANGAJAS07

# ਫ਼ਰਕ

ਵਜ਼ੂ ਬਣਾਵਾਂ ਨਾਮ ਤੇਰੇ ਦਾ
ਹੰਝੂਆਂ ਨਾਲ ਮੈਂ ਮੂੰਹ ਧੋ ਲੈਂਦਾ

ਕਲਮੇ ਪੜ੍ਹਦਾ ਨਾਮ ਤੇਰੇ ਦੇ
ਪੀੜ੍ਹਾਂ ਦੀ ਜਨਮਾਜ਼ ਤੇ ਬਹਿੰਦਾ

ਲੋਕੀ ਮੈਨੂੰ "ਪਾਗ਼ਲ" ਕਹਿੰਦੇ
ਪਰ ਮੈਨੂੰ ਕੋਈ ਫ਼ਰਕ ਨਾ ਪੈਂਦਾ

**ਜਸਕਰਨ ਬੰਗਾ**

**ਇੰਸਟਾਗ੍ਰਾਮ:** BANGAJAS07

# ਨਕਲੀ ਹਾਸੇ

ਹਾਸਾ ਤੱਕਦਾ ਬੁੱਲੀਆਂ ਦਾ
ਅੱਖੀਆਂ ਦਾ ਪਾਣੀ ਤੱਕਿਆ ਨਹੀਂ

ਨਿੱਤ ਲਾਲੀ ਤੱਕਦਾ ਬੁੱਲੀਆਂ ਦੀ
ਰੰਗ ਲਾਲ ਅੱਖਾਂ ਦਾ ਤੱਕਿਆ ਨਹੀਂ

ਸਭ ਵਾਰ ਦਿੱਤਾ ਮੈਂ ਓਹਦੇ ਤੋਂ
ਕੋਲ ਮੇਰੇ ਕੁਝ ਬਚਿਆ ਨਹੀਂ

ਪਲਕਾਂ ਤੇ ਜੀਹਨੂੰ ਮੈਂ ਰੱਖਿਆ
ਓਹਨੇ ਪੈਰਾਂ ਵਿੱਚ ਵੀ ਰੱਖਿਆ ਨਹੀਂ

❀❀ **ਜਸਕਰਨ ਬੰਗਾ** ❀❀

**ਇੰਸਟਾਗ੍ਰਾਮ:** BANGAJAS07

# ਇਸ਼ਕ ਨਿਸ਼ਾਨਾ

ਰੋ ਨਾ ਸੱਜਣਾ ਤੈਨੂੰ ਹੱਸਣਾ ਚਾਹੀਦੈ
ਰੂਹ ਮੇਰੀ ਦੇ ਅੰਦਰ ਵੱਸਣਾ ਚਾਹੀਦੈ

ਤੋੜ ਦਿਆ ਕਰ ਚੁੱਪੀ ਮੇਰੇ ਮੂਹਰੇ ਤੂੰ
ਤੈਨੂੰ ਮੈਨੂੰ ਸਭ ਕੁਝ ਦੱਸਣਾ ਚਾਹੀਦੈ

ਤੇਰੇ ਲਈ ਦਿਲ ਹਾਜ਼ਿਰ ਕਰਿਆ ਸੱਜਣਾ ਮੈਂ
ਇਸ਼ਕ ਨਿਸ਼ਾਨਾ ਤੈਨੂੰ ਕੱਸਣਾ ਚਾਹੀਦੈ

ਕੋਮਲ ਨਾਜ਼ੁਕ ਇਸ਼ਕ ਕਰੇਂਦੀ ਤੈਨੂੰ ਮੈਂ
ਝੱਲਿਆ ਫੁੱਲਾਂ ਵਾਂਗਰ ਰੱਖਣਾ ਚਾਹੀਦੈ

**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ: RABABPREET7**

# ਖ਼ਵਾਹਿਸ਼ ਏ ਦਿਲ

ਖਿੱਚਾਂ ਤਸਵੀਰਾਂ ਤੇਰੇ ਨਾਲ ਖੜ ਖੜ ਕੇ
ਰੂਹ ਨੂੰ ਚੈਨ ਮਿਲਦਾ ਹੈ ਹੱਥ ਤੇਰਾ ਫ਼ੜ ਕੇ

ਤੇਰੇ ਨਾਲ ਜ਼ਿੰਦਗੀ ਬਿਤਾਉਣ ਦੀ ਤਮੰਨਾ ਹੈ
ਮੰਗਦੀ ਦੁਆਵਾਂ ਵਿੱਚ ਤੈਨੂੰ ਉੱਠ ਤੜਕੇ

ਕੀਤੀ ਹੈ ਤਾਰੀਫ਼ ਜਿਸ ਦਿਨ ਦੀ ਤੂੰ ਸੋਹਣਿਆ
ਰੱਖਦੀ ਆ ਜ਼ੁਲਫ਼ਾਂ ਨੂੰ ਖੁੱਲ੍ਹਾ ਤੇਰੇ ਕਰ ਕੇ

ਸੋਹਣੀ ਸੋਹਣੀ ਆਖਦੈਂ ਤੂੰ ਮੈਨੂੰ ਕਵਿਤਾਵਾਂ ਵਿੱਚ
ਹੋਰ ਸੋਹਣੀ ਹੋ ਜਾਵਾਂ ਮੈਂ ਸ਼ੇਅਰ ਤੇਰੇ ਪੜ ਕੇ


༺❀❀ **ਰਬਾਬਪ੍ਰੀਤ ਕੌਰ** ❀❀༻

**ਇੰਸਟਾਗ੍ਰਾਮ:** RABABPREET7

# ਨਿਰਭਰ

ਓਹਦੀ ਸੀਰਤ ਰੂਹ ਨੂੰ ਮੋਹ ਗਈ
ਤੱਕ ਕੇ ਓਹਨੂੰ ਸੁੱਧ ਬੁੱਧ ਖੋਹ ਗਈ

ਉਸ ਬਾਗਾਂ ਦੇ ਖੋਲ੍ਹੇ ਬੂਹੇ
ਜਦ ਸੀ ਸਾਰੀ ਦੁਨੀਆ ਢੋਅ ਗਈ

ਤੱਕ ਕੇ ਉਸਦੀ ਪਾਕ ਮੁਹੱਬਤ
ਅੱਖ ਖ਼ੁਸ਼ੀ ਦੇ ਹੰਝੂ ਰੋ ਗਈ

ਜਿਉਂ ਚੰਨ ਰੌਸ਼ਨੀ ਲਈ ਸੂਰਜ ਤੇ
ਮੈਂ ਓਹਦੇ ਤੇ ਨਿਰਭਰ ਹੋ ਗਈ

❀❀ **ਰਬਾਬਪ੍ਰੀਤ ਕੌਰ** ❀❀

**ਇੰਸਟਾਗ੍ਰਾਮ:** RABABPREET7

# ਸੱਜਦਾ

ਦੱਸ ਕੀ ਕਰਾਂ ਕਿਤਾਬਾਂ ਪੜ੍ਹੀਆਂ ਦਾ
ਜਦੋਂ ਚਿਹਰੇ ਹੀ ਮੈਂ ਪੜ੍ਹ ਨਾ ਸਕਿਆ

ਆਖਿਰ ਕਰਦਾ ਕੀ ਸਬਰ ਕਰਕੇ
ਜਦੋਂ ਨਾਲ ਹਾਲਾਤਾਂ ਲੜ ਨਾ ਸਕਿਆ

ਦਿੰਦਾ ਕੀ ਜਵਾਬ ਮੈਂ ਬੁਜ਼ਦਿਲ ਜਿਹਾ
ਖੜੇ ਹੋਏ ਸਵਾਲ ਵੀ ਜਰ ਨਾ ਸਕਿਆ

ਦਿੰਦਾ ਕੀ ਸਬੂਤ ਮੈਂ ਪਾਕ ਮੁਹੱਬਤ ਦੇ
ਜਾਨ ਤਾਂ ਤਲੀ ਤੇ ਧਰ ਨਾ ਸਕਿਆ

ਉਹਨੇ ਕੀਤਾ ਇਸ਼ਕ ਇਬਾਦਤ ਰੱਬ ਦੀ
ਮੈਂ ਕਾਫ਼ਿਰ ! ਸੱਜਦਾ ਵੀ ਕਰ ਨਾ ਸਕਿਆ

ਕੀ ਜਿੱਤਦਾ ਮੈਂ ਉਹਨੂੰ ਹਰਦੀ ਹੋਈ ਨੂੰ
ਜਦ ਇਸ਼ਕ ਮੈਦਾਨੇ ਨਾਲ ਖੜ ਨਾ ਸਕਿਆ

ჿ✿✿ **ਰਜਵਿੰਦਰ ਕੌਰ** ✿✿ჼ
**ਇੰਸਟਾਗ੍ਰਾਮ:** KAUR_RAJWINDER104

# ਜ਼ਰੂਰੀ ਤਾਂ ਨਹੀਂ

ਸੱਜਣਾ ਮੁਹੱਬਤ ਮੈਂ ਕਰਾਂ
ਤੂੰ ਵੀ ਕਰੇਂ ਜ਼ਰੂਰੀ ਤਾਂ ਨਹੀ

ਲੱਖ ਵਾਰੀ ਮੈਂ ਯਾਦ ਕਰਾਂ
ਤੂੰ ਵੀ ਕਰੇਂ ਜ਼ਰੂਰੀ ਤਾਂ ਨਹੀ

ਜਾਨ ਕਦਮ ਵਿੱਚ ਮੈਂ ਧਰਾਂ
ਤੂੰ ਵੀ ਧਰੇਂ ਜ਼ਰੂਰੀ ਤਾਂ ਨਹੀ

ਤੇਰੇ ਲਈ ਦੁੱਖ ਮੈਂ ਜਰਾਂ
ਤੂੰ ਵੀ ਜਰੇਂ ਜ਼ਰੂਰੀ ਤਾਂ ਨਹੀ

ਵਾਂਗ ਮਾਰੂਥਲਾਂ ਮੈਂ ਸੜਾ
ਤੂੰ ਵੀ ਸੜੇਂ ਜ਼ਰੂਰੀ ਤਾਂ ਨਹੀਂ

ਬਾਜ਼ੀ ਇਸ਼ਕੇ ਦੀ ਮੈਂ ਹਰਾਂ
ਤੂੰ ਵੀ ਹਰੇਂ ਜ਼ਰੂਰੀ ਤਾਂ ਨਹੀਂ

ਹੜ੍ਹ ਇਸ਼ਕੇ ਦੇ ਵਿੱਚ ਮੈਂ ਹੜਾਂ
ਤੂੰ ਵੀ ਹੜੇਂ ਜ਼ਰੂਰੀ ਤਾਂ ਨਹੀਂ

ਤੇਰੀ ਆਈ ਮੈਂ ਮਰਾਂ ਲੱਖ ਵਾਰੀ
ਤੂੰ ਵੀ ਮਰੇਂ ਜ਼ਰੂਰੀ ਤਾਂ ਨਹੀ

ਸੱਜਣਾ ਮੁਹੱਬਤ ਮੈਂ ਕੀਤੀ
ਤੂੰ ਵੀ ਕਰੇਂ ਜ਼ਰੂਰੀ ਤਾਂ ਨਹੀਂ

**ੂ৹✿❀❀ ਰਜਵਿੰਦਰ ਕੌਰ ❀❀✿৹ੂ**
**ਇੰਸਟਾਗ੍ਰਾਮ:** KAUR_RAJWINDER104

# ਇਬਤਿਦਾ

ਕਿ ਬਸ ਅੱਖਾਂ ਤੇ ਸੂਰਤ ਵੇਖੀ ਏ ਪਤਾ ਉਹਦਾ ਨਾਂ ਵੀ ਨਈਂ
ਘਰ ਆਕੇ ਮੈਂ ਮਾਂ ਨੂੰ ਦੱਸਣਾ ਸੀ, ਪਰ ਦਿਖਦੀ ਕਿਤੇ ਮਾਂ ਵੀ ਨਈਂ

ਪਤਾ ਨੀ ਕਿਉਂ ਸਭ ਪਾਸਾ ਚੰਗਾ ਚੰਗਾ ਲੱਗਣ ਲੱਗਾ ਏ
ਪਰ ਬੋਲਿਆ ਹਜੇ ਬਨੇਰੇ ਕਾਂ ਵੀ ਨਈਂ

ਜੇਠ ਹਾੜ ਦੀ ਜੰਮੀ ਜਾਈ ਲੱਗਦੀ ਏ
ਪਰ ਕੀਤੀ ਪਲਕਾਂ ਦੀ ਛਾਂ ਵੀ ਨਈਂ

ਮੈਂ ਡਰਦਾ ਡਰਦਾ ਦਿਲ ਦਾ ਹਾਲ ਸੁਣਾ ਆਇਆਂ ਵਾ
ਪਰ ਉਹ ਨੇ ਕੀਤੀ ਹਜੇ ਹਾਂ ਵੀ ਨਈਂ

ਉਹ ਦੇ ਬੁੱਲ੍ਹਾਂ ਦੀ ਮੁਸਕਾਨ ਤੋਂ ਪਤਾ ਲੱਗਦਾ ਵਾ
ਉਹ ਦੀ ਕੋਰੀ ਨਾਂਹ ਵੀ ਨਈਂ

**ਹਰਮਨਪ੍ਰੀਤ ਸਿੰਘ**

**ਇੰਸਟਾਗ੍ਰਾਮ:** IHRMN__WRITER

# ਰੱਬ ਦੇ ਸ਼ਰੀਕ

ਰੱਬ ਦੇ ਸ਼ਰੀਕ ਬਣਦੇ ਨੇ ਅੱਜ ਦੇ ਬੰਦੇ
ਭੋਰਾ ਵੀ ਨੀ ਰੱਬਾ, ਤੇਰੇ ਚੱਜ ਦੇ ਬੰਦੇ

ਪੈਸੇ ਖਾਤਰ ਅੰਨੇ ਹੋਏ ਫਿਰਦੇ
ਮਤਲਬ ਪਿੱਛੇ ਭੱਜ ਦੇ ਬੰਦੇ

ਮੰਦਰ ਜਾ ਜਾ ਤੇਰਾ ਨਾਂ ਲੈਂਦੇ
ਕਈ ਪਾਪੀ ਨੇ ਹੱਜ ਦੇ ਬੰਦੇ

ਭੁੱਖਿਆਂ ਦੇ ਵੀ ਮੂੰਹੋਂ ਖੋਹਣ ਵਾਲੇ
ਤੈਥੋਂ ਵੀ ਨੀ ਰੱਜ ਦੇ ਬੰਦੇ

ਤੇਰੇ ਨਾਲੋਂ, ਵੀ ਉੱਤੇ ਹੋਵਣ ਨੂੰ ਫਿਰਦੇ ਨੇ
ਨਈਂ ਕਿਸੇ ਵੀ ਹੱਦ ਦੇ ਬੰਦੇ


°✿❀❀ **ਹਰਮਨਪ੍ਰੀਤ ਸਿੰਘ** ❀❀✿°

**ਇੰਸਟਾਗ੍ਰਾਮ:** IHRMN__WRITER

# ਮਾਂ ਮੁਹੱਬਤ

ਜਿੱਥੇ ਜਿੱਥੇ ਉਹ ਪੈਰ ਧਰੇ ਹਰ ਉਹ ਥਾਂ ਮੁਹੱਬਤ ਏ

ਕਿੰਨਾ ਸੋਹਣਾ ਏ ਜੋ ਉਹ ਦਾ ਨਾਂ ਮੁਹੱਬਤ ਏ

ਉ ਦਾ ਆਖੀ ਮੇਰੇ ਲਈ ਨਾ ਵੀ ! ਹਾਂ ਮੁਹੱਬਤ ਏ

ਉਹ ਦੇ ਲਈ ਜੋ ਚੱਲਣ ਹਰ ਸਾਹ ਮੁਹੱਬਤ ਏ

ਮੇਰੀ ਮੁਹੱਬਤ ਮੇਰੀ ਮਾਂ ਮੁਹੱਬਤ ਏ

**ਹਰਮਨਪ੍ਰੀਤ ਸਿੰਘ**

**ਇੰਸਟਾਗ੍ਰਾਮ:** IHRMN__WRITER

# ਮੇਰੇ ਵਰਗਾ ਬੰਦਾ

ਦੇਣਾ ਨੀ ਕਿਸੇ ਦਾ, ਕੁਝ ਲੈਣਾ ਨੀ ਕਿਸੇ ਤੋਂ
ਤੇ ਮੇਰਾ ਕਿਸੇ ਨਾਲ ਪੰਗਾ ਨੀ ਕੋਈ

ਜੀਹਦੇ ਨਾਲ ਖੜਾ ਸ਼ਰੇਆਮ ਖੜਾ
ਐਂਵੇ ਥੋਡੇ ਵਾਗੂੰ ਬਹੁ- ਰੰਗਾ ਨੀ ਕੋਈ

ਸਾਫ਼, ਦਿਲਕਸ਼ ਤੇ ਕਿਰਤੀ ਹੱਥਾਂ ਵਾਲਾ ਏ
ਮਾੜਾ ਮੇਰਾ ਧੰਦਾ ਨੀ ਕੋਈ

ਜਿਵੇਂ ਆ ਸਭ ਦੇ ਮੂਹਰੇ ਆ ਕਿਸੇ ਸਾਵੇਂ ਕਾਣਾ
ਕਿਸੇ ਸਾਵੇਂ ਨੰਗਾ ਨੀ ਕੋਈ

ਭਾਵੇਂ ਉਹ ਲੱਖ ਵਰਤੇ ਕੇ ਤੁਰ ਗਏ ਹੋਣ
ਪਤਾ ਉਹਨਾਂ ਨੂੰ ਵੀ ਆ ਕਿ ਮੇਰੇ ਵਰਗਾ ਬੰਦਾ ਨੀ ਕੋਈ

**ੀ.·´❀❀ ਹਰਮਨਪ੍ਰੀਤ ਸਿੰਘ ❀❀`·.ੀ**

**ਇੰਸਟਾਗ੍ਰਾਮ:** IHRMN__WRITER

# ਖੱਚ ਬੰਦੇ

ਝੂਠ ਵਰਗਾ ਮਿਲਿਆ ਕੋਈ ਸੱਚ ਜੇ ਦੱਸੀਂ
ਦਿਲ ਮੇਰਾ ਏ ਸ਼ੀਸ਼ੇ ਵਰਗਾ ਤਿੜਕਿਆ ਕਿਤੋਂ ਕੱਚ ਜੇ ਦੱਸੀਂ

ਵਕਤ ਮਿਲਿਆ ਤਾਂ ਆਪਣੀ ਕਹਾਣੀ ਲਿਖਾਂਗਾ
ਪੜ ਕੇ ਤੇਰਾ ਭਰਿਆ ਗੱਚ ਜੇ ਦੱਸੀਂ

ਮਹਿਫ਼ਿਲ ਵਿੱਚ ਬਹਿਕੇ ਧੋਖੇ ਗਿਣਾਵਾਂ
ਸੁਣ ਕੇ ਕੋਈ ਗਿਆ ਮੱਚ ਜੇ ਦੱਸੀਂ

ਥਹੁ - ਪਤਾ ਸਭ ਦੇਉਂ ਤੈਨੂੰ
ਉਹ ਦੇ ਵਰਗਾ ਲੱਭਿਆ ਬੰਦਾ ਖੱਚ ਜੇ ਦੱਸੀਂ


**❀❀ ਹਰਮਨਪ੍ਰੀਤ ਸਿੰਘ ❀❀**

**ਇੰਸਟਾਗ੍ਰਾਮ:** IHRMN__WRITER

# ਨਾਂਹ ਤੇ ਹਾਂ

ਦੁਨੀਆਂ ਮੁੱਕੀ ਓਹਦੀ ਨਾਂਹ ਦੇ ਅੱਗੇ
ਬਣੀ ਸੀ ਜੋ ਓਹਦੀ ਹਾਂ ਦੇ ਅੱਗੇ

ਗ਼ਲਤੀ ਸੀ ਜੋ ਹਸਰਤ ਪਾਲ਼ੀ
ਨਾਂ ਜੋੜਨ ਦੀ ਓਹਦੇ ਨਾਂ ਦੇ ਅੱਗੇ

ਓਹਦੇ ਮੂਹਰੇ ਸਿਰ ਵੀ ਝੁਕਾਇਆ
ਝੁਕਦਾ ਸੀ ਜੋਂ ਸਿਰਫ਼ ਮਾਂ ਦੇ ਅੱਗੇ

ਮੇਰੀਆਂ ਰੀਝਾਂ ਨੇ ਸੀ ਦਮ ਤੋੜੇ
ਉਸਦੇ ਹਰ ਇੱਕ ਚਾਅ ਦੇ ਅੱਗੇ

ਧੁੱਪਾਂ ਵਿੱਚ ਰੁੱਖ ਵਰਗੀ ਸੀ ਉਹ
ਹੋਰ ਮੰਗਣਾ ਕੀ ਸੀ ਛਾਂ ਦੇ ਅੱਗੇ

ਲੱਖ ਦੁਨੀਆਂ ਤੇ ਵਸਦੇ ਲੋਕੀ
ਕੋਈ ਨਹੀਂ ਸੀ ਓਹਦੀ ਥਾਂ ਦੇ ਅੱਗੇ

ਰੱਬ ਜਾਣੇ ਕਿਉਂ ਪਿਆ ਵਿਛੋੜਾ
ਝਗੜਾ ਨਹੀਂ ਸੀ ਤੂੰ ਤਾਂ ਦੇ ਅੱਗੇ

ਇਲਮ ਏ ਮੁੜ ਨਹੀਂ ਆਉਣਾ ਉਸਨੇ
ਕਿਉਂ ਪਾਵਾਂ ਚੂਰੀ ਹੁਣ ਕਾਂ ਦੇ ਅੱਗੇ

ਰੱਬ ਖ਼ੈਰ ਕਰੇ ਨਵੇਂ ਜੁੜਿਆਂ ਦੀ
ਜੀ ਜੀ ਕਹਿਣਗੇ ਜੋ ਹਾਂ ਦੇ ਅੱਗੇ


꧁❀❀ **ਰਵੀ ਕੁਮਾਰ** ❀❀꧂

**ਇੰਸਟਾਗ੍ਰਾਮ: _AAMADD_**

# ਜਿਸਮਾਂ ਨਾਲੋਂ ਸੋਚ ਵੱਡੀ

ਨਵਾਂ ਨਵਾਂ ਜੋ ਬਣਦਾ ਸ਼ਾਇਰ ਇਸ ਉਮੀਦ ਤੇ ਲਿਖਦਾ ਜਾਵੇ
ਕਲਮ ਓਹਦੀ ਨੂੰ ਮਾਣ ਮਿਲੇ ਲਫ਼ਜ਼ਾਂ ਦੀ ਕਦਰ ਹੋ ਜਾਵੇ

ਛੋਟੀ ਉਮਰੇ ਵੱਡੀਆਂ ਸ਼ਿਖਰਾਂ ਜੋਂ ਹਾਸਿਲ ਕਰ ਜਾਵੇ
ਰੱਬ ਕੀ ਦਸਤੂਰ ਬਣਾਇਆ ਚੜ੍ਹਦੀ ਉਮਰੇ ਮਰ ਜਾਵੇ

ਬੰਦਾ ਬੰਦੇ ਨੂੰ ਦੇਖ ਨਾ ਜਰਦਾ ਨਫ਼ਰਤ ਵਧਦੀ ਜਾਵੇ
ਪੱਥਰਾਂ ਉੱਤੇ ਕਰੇ ਭਰੋਸਾ ਬੰਦਿਆਂ ਤੋਂ ਡਰ ਖਾਵੇ

ਜਿਸਮਾਂ ਨਾਲੋਂ ਸੋਚ ਵੱਡੀ ਜੇ ਸਮਝ ਲੋਕਾਂ ਦੇ ਆਵੇ
ਜਿਸਮਾਂ ਦੀ ਹੱਦ ਕਬਰਾਂ ਤੱਕ ਸੋਚ ਅਮਰ ਰਹਿ ਜਾਵੇ


**ਰਵੀ ਕੁਮਾਰ**

**ਇੰਸਟਾਗ੍ਰਾਮ: _AAMADD_**

# ਮੁਲਾਕਾਤ

ਮੁਸਕਾਨ ਤੇਰੀ ਮੇਰੇ ਗੀਤਾਂ ਦੀ
ਸ਼ਾਇਰੀ ਬਣ ਗਈ ਏ,
ਸਾਦਗੀ ਤੇਰੀ ਨਾਲ਼ ਕਵਿਤਾਵਾਂ ਵਾਲੀ
ਇੱਕ ਡਾਇਰੀ ਭਰ ਗਈ ਏ

ਰੁਕੀ ਪਈ ਸੀ ਜ਼ਿੰਦਗੀ ਜੋ
ਸੋਚਦਾਂ ਇੱਕ ਨਵੀਂ ਸ਼ੁਰੂਆਤ ਹੋ ਜਾਏ
ਸੁਣਾਵਾਂ ਤੈਨੂੰ ਦਿਲ ਦੀਆਂ ਗੱਲਾਂ
ਚੱਲ ਸੋਹਣੀਏ ਇੱਕ ਮੁਲਾਕਾਤ ਹੋ ਜਾਏ

ਤੂੰ ਮੇਰੇ ਸਾਹਮਣੇ ਬੈਠੀ ਹੋਵੇਂ
ਤੇ ਮੈਂ ਤੈਨੂੰ ਲਿਖੇ ਗੀਤ ਸੁਣਾਵਾਂ,

ਤੂੰ ਬਸ ਦੇਖੀਂ ਜਾਵੇਂ ਮੇਰੇ ਵੱਲ ਆਜਾ
ਤਾਰਿਆਂ ਤੋਂ ਸੋਹਣਾ ਇੱਕ ਅਸਮਾਨ ਦਿਖਾਵਾਂ

ਤੂੰ ਹੋਵੇ ਮੈਂ ਹੋਵਾਂ ਬਸ ਇੱਕ ਦੂਜੇ
ਚ' ਖੋ ਜਾਈਏ
ਇੱਕ ਐਸੀ ਚਾਨਣੀ ਰਾਤ ਹੋ ਜਾਏ

ਆਜਾ ਸੁਣਾਵਾਂ ਤੈਨੂੰ ਦਿਲ ਦੀਆਂ ਗੱਲਾਂ
ਚੱਲ ਸੋਹਣੀਏ ਇੱਕ ਮੁਲਾਕਾਤ ਹੋ ਜਾਏ

**꧁❀❀ ਲਵਲੀ ਪਠਲਾਵਾ ❀❀꧂**

**ਇੰਸਟਾਗ੍ਰਾਮ: LOVELYPATHLAWA**

# ਅੱਜ ਸਵੇਰਾ ਚੜ੍ਹਿਆ

ਅੱਜ ਸਵੇਰਾ ਚੜ੍ਹਿਆ
ਚੜ੍ਹਿਆ ਤੇਰੀ ਯਾਦ ਨਾਲ
ਇੰਝ ਲੱਗਾ ਜਿਵੇਂ ਪਾਕਿਸਤਾਨ
ਮਿਲ ਗਿਆ
ਮਿਲ ਗਿਆ ਪੰਜਾਬ ਨਾਲ਼

ਮੈਨੂੰ ਪਤਾ ਤੇਰਾ ਅੱਜ ਤੱਕ
ਕਿਸੇ ਨੇ ਦਿਲ ਨਹੀਂ ਜਿੱਤਿਆ
ਪਰ ਮੈਂ ਤੈਨੂੰ ਆਪਣੀ ਬਣਾਉਣਾ
ਮਨ 'ਚ ਹੈ ਮਿੱਥਿਆ

ਤੇਰਾ ਗੁੱਸਾ ਤੇਰੀ ਆਕੜ
ਮੈਂ ਅਆਪਣੇ ਪਿਆਰ ਨਾਲ਼
ਭੰਨਣੀ ਆ
ਅਸੀਂ ਇੰਤਜ਼ਾਰ ਕਰਦੇ ਉਸ ਪਲ ਦਾ
ਜਦ ਗੱਲ ਤੂੰ ਸਾਡੀ ਮੰਨਣੀ ਆ

ਕਦੇ ਸੋਚਿਆ ਨਹੀਂ
ਕਿ ਉਹਨੂੰ ਵੀ ਪਿਆਰ ਹੋ ਸਕਦਾ

ਜਿਸ ਦਾ ਅੱਜ ਤੱਕ ਗੂੜ੍ਹਾ ਰਿਸ਼ਤਾ ਸੀ
ਰਿਸ਼ਤਾ ਸੀ ਡਾਇਰੀ ਤੇ ਕਿਤਾਬ ਨਾਲ.

ਅੱਜ ਸਵੇਰਾ ਚੜਿਆ
ਚੜਿਆ ਤੇਰੀ ਯਾਦ ਨਾਲ
ਇੰਝ ਲੱਗਾ ਜਿਵੇਂ ਪਾਕਿਸਤਾਨ
ਮਿਲ ਗਿਆ
ਮਿਲ ਗਿਆ ਪੰਜਾਬ ਨਾਲ.

ਅੱਜ ਲਿਖ ਦੇਣੀ ਆਪਣੇ ਦਿਲ ਦੀ ਗੱਲ
ਕਿਵੇਂ ਕਰਨਾ ਇਜ਼ਹਾਰ ਮਿਲ. ਗਿਆ ਹੱਲ
ਅੱਜ ਕਵਿਤਾ ਇੱਕ ਬਣਾਉਣੀ ਆ

ਟੁੱਟ ਜਾਣਾ ਤੇਰਾ ਸਾਰਾ ਘਮੰਡ
ਤੇਰੀ ਆਕੜ ਤੇ ਪੈਣੀ ਜਦ ਪਿਆਰ ਦੀ ਚੰਡ
ਦਿਲ ਦੀ ਗੱਲ ਜਦ ਮੈਂ ਸੁਣਾਉਣੀ ਆ

ਪਤਾ ਮੈਨੂੰ ਇਹ ਸਭ ਦਿਖਾਵੇ
ਤੇਰੀ ਆਕੜ ਤੇ ਤੇਰੇ ਪਹਿਰਾਵੇ
ਸਭ ਮੇਰੇ ਹੋ ਜਾਣਗੇ
ਤੇਰੇ ਇੱਕ ਜਵਾਬ ਨਾਲ.

ਅੱਜ ਸਵੇਰਾ ਚੜਿਆ
ਚੜਿਆ ਤੇਰੀ ਯਾਦ ਨਾਲ

ਇੰਝ ਲੱਗਾ ਜਿਵੇਂ ਪਾਕਿਸਤਾਨ
ਮਿਲ਼ ਗਿਆ
ਮਿਲ਼ ਗਿਆ ਪੰਜਾਬ ਨਾਲ਼

**꧁❀❀ ਲਵਲੀ ਪਠਲਾਵਾ ❀❀꧂**

**ਇੰਸਟਾਗ੍ਰਾਮ: LOVELYPATHLAWA**

# ਕੁੜੀਆਂ

ਹੱਥਾਂ ਦੇ ਵਿੱਚ ਸੋਹਣੀਆਂ ਲੱਗਣ
ਸੋਹਣੀਆਂ ਲੱਗਣ ਇਨ੍ਹਾਂ ਦੇ ਪਾਈਆਂ ਚੂੜੀਆਂ
ਪੁੱਤਾਂ ਨਾਲੋਂ ਵੱਧ ਮਿਹਨਤੀ ਇਹ
ਕਰਨ ਬੇਬੇ ਬਾਪੂ ਦੀਆਂ ਰੀਝਾਂ ਪੂਰੀਆਂ

ਲੋਕੀਂ ਸੋਚ ਵੀ ਨਾ ਪਾਏ ਇਹ ਉਹ ਕਰ ਗਈਆਂ
ਜਦ ਚੰਨ ਦੇ ਵੱਲ ਨੂੰ ਤੁਰੀਆਂ
ਉਹ ਘਰ ਭਾਗਾਂ ਵਾਲੇ ਹੁੰਦੇ
ਉਹ ਘਰ ਭਾਗਾਂ ਵਾਲੇ ਹੁੰਦੇ
ਜਿਨ੍ਹਾਂ ਦੇ ਘਰ ਹੁੰਦੀਆਂ ਨੇ ਕੁੜੀਆਂ

ਕੰਨਿਆ ਬਣ ਆਈ ਤੇ ਘਰ ਰੁਸ਼ਨਾਇਆ
ਪਤਨੀ ਬਣ ਪਤੀ ਦਾ ਗੌਰਵ ਵਧਾਇਆ

ਮਾਂ ਬਣ ਮਮਤਾ ਤੇ ਪਿਆਰ ਦਾ ਪਾਠ ਪੜ੍ਹਾਇਆ
ਸਹਿਣਸ਼ੀਲਤਾ ਤੇ ਸੇਵਾ ਭਾਵਨਾ ਦਾ ਮਤਲਬ ਸਮਝਾਇਆ

ਲਵਲੀ" ਦਿਲ ਦੁੱਖ ਨਾਲ਼ ਭਰ ਜਾਂਦਾ
ਜਦੋਂ ਚੱਲਣ ਗਰਭ 'ਚ ਛੁਰੀਆਂ

ਉਹ ਘਰ ਭਾਗਾਂ ਵਾਲੇ ਹੁੰਦੇ
ਜਿਨ੍ਹਾਂ ਦੇ ਘਰ ਹੁੰਦੀਆਂ ਨੇ ਕੁੜੀਆਂ

**ꕤ❀❀ ਲਵਲੀ ਪਠਲਾਵਾ ❀❀ꕤ**

**ਇੰਸਟਾਗ੍ਰਾਮ: LOVELYPATHLAWA**

# ਪੰਜਾਬ

ਰਾਜੇ ਰਣਜੀਤ ਸਿੰਘ ਨੇ ਸੀ ਜਿਹੜਾ ਬੋਇਆ
ਉਹ ਫੁੱਲ ਪੰਜਾਬ ਦਾ ਮੁੜਕੇ ਖਿਲਿਆ ਨਹੀਂ
ਹਰੀ ਸਿੰਘ ਦੇ ਵਰਗਾ ਜਰਨੈਲ ਮੁੜ ਕੇ ਮਿਲਿਆ ਨਹੀਂ

ਦਿੱਲੀ ਨੂੰ ਬਿੱਲੀ ਆਖ ਕੇ ਜਿੱਤਣਾ,
ਬਣਾਇਆ ਕਿਸ ਨੇ ਖੇਲ ਸੀ,
ਦੱਸਿਓ ਬੱਚਿਆਂ ਨੂੰ ਕਿ ਉਹ ਸਿੰਘ ਬਘੇਲ ਸੀ

ਸ਼ੇਰ ਹੱਥਾਂ ਨਾਲ ਪਾੜਨ ਵਾਲੀ ਦੇਖੀ ਹੋਊ
ਸਭ ਨੇ ਚਿੱਤਰਕਾਰੀ, ਚੇਤੇ ਰੱਖਿਓ ਕਿੰਝ
ਮੱਥੇ ਹਾਥੀ ਦੇ ਵਿੱਚ ਨਾਗਣੀ ਸਿੰਘ ਬਚਿੱਤਰ ਮਾਰੀ

ਜਦੋਂ ਜਨੇਊ ਸੀ ਸਵਾ ਮਣ ਤੋਲਿਆ, ਗੁਰੂਆਂ ਦੀ
ਰਹਿਮਤ ਵਾਲਾ ਪੰਜਾਬ ਉਦੋਂ ਵੀ ਨਾ ਡੋਲਿਆ,

ਜਦੋਂ ਸਿਰ ਵੱਢ ਕੇ ਬੱਚਿਆਂ ਦੇ, ਗਲ਼ ਮਾਵਾਂ ਦੇ ਪਾਏ
ਦੱਸਿਓ ਅਫ਼ਗਾਨ ਨੂੰ ਜਿੱਤਣ ਦੇ ਕਿੱਸੇ ਕਿਹਨੇ - ਕਿਹਨੇ
ਬੱਚਿਆਂ ਨੂੰ ਸੁਣਾਏ...?

ਲੜਦੇ ਸੀ ਸਿੰਘ ਜਦੋਂ, ਦੱਸੋ ਵੈਰੀ ਕਿੱਦਾਂ ਢੇਰੀ ਢਾਈ
ਗ਼ਜ਼ਨੀ ਦੇ ਬਾਜ਼ਾਰ ਵਿੱਚੋਂ, ਕੀਹਨੇ ਪੱਤ ਕੁੜੀਆਂ ਦੀ ਬਚਾਈ

ਦੱਸਿਓ ਨਾਲੇ ਪੰਜਾਬ ਦਾ ਉਦੋਂ ਕਿਹੜਾ ਸਰਦਾਰ ਸੀ
ਜਦੋਂ ਪੰਜਾਬੀਆਂ ਦੀ ਖ਼ੈਬਰ ਦੇ ਤੱਕ ਮਾਰ ਸੀ

ਰੋਂਦੇ ਚੁੱਪ ਕਰਾਉਣ ਲਈ ਕੌਣ ਸੀ ਕਹਿੰਦਾ
ਚੁੱਪ ਛਾ ਹਰੀਆ ਰਾਗ ਹੈ, ਦੱਸਿਓ ਬੱਚਿਆਂ ਨੂੰ ਕਿ ਦੂਜੇ ਪਾਸੇ
ਵੀ ਆਪਣਾ ਵੱਸਦਾ ਇਕ ਪੰਜਾਬ ਹੈ

**ꕥ❀❀ ਜਸਪ੍ਰੀਤ ਬੰਗਾ ❀❀ꕥ**

# ਦਿਲ ਦੀ ਆਵਾਜ਼

ਦਿਲ ਦੀ ਆਵਾਜ਼
ਤਾਂ ਹਰ ਕੋਈ ਸੁਣ ਸਕਦਾ
ਕਿ ਧੜਕਦਾ ਹੈ
ਪਰ ਕੀ ਕਹਿੰਦਾ  ਹੈ
ਤੇ ਕੀ ਚਾਹੁੰਦਾ ਹੈ
ਸਮਝਣਾ  ਹਰ ਇੱਕ ਦੇ
ਵੱਸ ਦੀ ਗੱਲ  ਨੀ ਹੁੰਦੀ
ਦਿਲ ਦੀ ਦਿਲ ਤੱਕ ਜੁੜੀ
ਤਾਰ ਵਾਲ਼ੇ ਹੀ
ਦਿਲ ਦੀ ਧੜਕਣ
ਮਹਿਸੂਸ ਕਰ ਸਕਦੇ ਨੇ

**ꕥ❀❀ ਰਜਿੰਦਰ ਕੌਰ ਆਰ. ਕੇ ❀❀ꕥ**

**ਇੰਸਟਾਗ੍ਰਾਮ : JAZBAAT_MERI_KALAM_TON**

# ਰੂਹ ਦੀ ਤਨਹਾਈ

ਤਨਹਾਈ ਦਾ ਕੋਈ ਦਿਨ ਨਹੀਂ ਹੁੰਦਾ
ਜਿਹੜੀ ਅੱਜ ਹੈ ਤੇ ਭਲਕੇ ਨਹੀਂ
ਤਨਹਾਈ ਤਾਂ ਤਨਹਾਈ ਹੀ ਹੈ
ਜਿਹੜੀ ਹੱਡਾਂ ਵਿੱਚ ਮਰਨ ਤੱਕ
ਇਵੇਂ ਰਚੀ ਹੁੰਦੀ ਹੈ
ਜਿਵੇਂ ਰੂਹ ਸਰੀਰ ਵਿੱਚ ਵਿੱਚ

ਕਦੇ ਪੁੱਛ ਕੇ ਦੇਖੋ ਉਹਨਾਂ
ਤਨਹਾਈ ਵਿੱਚ ਡੁੱਬਿਆਂ ਨੂੰ
ਕਿ ਕੀ ਹੈ ? ਅਸਲ ਤਨਹਾਈ
ਕਿਉਂ ਤੇ ਕਿਵੇਂ ਸਮਾ ਗਈਆਂ
ਇਹ ਤਨਹਾਈਆਂ
ਉਹਨਾਂ ਦੀਆਂ ਰੂਹਾਂ ਵਿੱਚ
ਇੱਕ ਮਰਨ ਤੱਕ
ਹਾਂ, ਬਸ ਇੱਕ ਮਰਨ ਤਕ

**ꕥ ਰਜਿੰਦਰ ਕੌਰ ਆਰ. ਕੇ ꕥ**

**ਇੰਸਟਾਗ੍ਰਾਮ : JAZBAAT_MERI_KALAM_TON**

# ਮੁਹੱਬਤ

ਤੂੰ ਮੈਨੂੰ ਪੁੱਛਿਆ ਕਿ ਮੈਂ ਤੇਰਾ ਕਿੰਨਾ ਕਰਦਾ ਹਾਂ ?
ਮੈਨੂੰ ਲੱਗਦਾ ਇਸਦਾ ਕੋਈ ਮਾਪ ਦੰਡ ਨਹੀਂ
ਕਿਉਂਕਿ ਜੇ ਮੁਹੱਬਤ ਦਾ ਮਾਪ ਕੀਤਾ ਜਾ ਸਕਦਾ ਹੋਵੇ
ਤਾਂ ਉਸਦੀ ਹੱਦ ਸੀਮਤ ਹੋ ਜਾਂਦੀ ਹੈ
ਤੇ ਜਿਸ ਦੀ ਸੀਮਾ ਹੋਵੇ ਉਹ ਮੁਹੱਬਤ ਨਹੀਂ ਹੋ ਸਕਦੀ

ਇਸ ਲਈ ਮੈਨੂੰ ਮੇਰਾ ਇਸ਼ਕ ਬ੍ਰਹਿਮੰਡ ਵਰਗਾ ਲੱਗਦਾ ਹੈ
ਜਿਸ ਦੀ ਕੋਈ ਹੱਦ ਸੀਮਾ ਨਹੀਂ
ਜੋ ਆਪਣੇ ਆਪ ਚ ਇੱਕ ਵਿਸ਼ਾਲ ਰੂਪ ਹੈ
ਮੇਰਾ ਸੀਨਾ ਐਨਾ ਵੱਡਾ ਤਾਂ ਨਹੀਂ ਹੈ
ਪਰ ਮੈਂ ਬ੍ਰਹਿਮੰਡ ਸੀਨੇ ਵਿੱਚ ਲੈ ਕੇ ਘੁੰਮਦਾ ਹਾਂ

ਪਤਾ ਨਹੀਂ ਕਿੰਨੇ ਕ ਇਸ਼ਕ ਸਮੁੰਦਰ ਇਸ ਬ੍ਰਹਿਮੰਡ ਵਿੱਚ
ਲਹਿਰਾਂ ਬਣ ਬਣ ਉੱਛਲ ਰਹੇ ਨੇ
ਤੇ ਬੇਕਰਾਰੀ ਦਾ ਸੂਰਜ ਰੋਜ਼ ਮੇਰੀ ਹਿੱਕ ਵਿੱਚ ਜਲ਼ਦਾ ਹੈ
ਪਤਾ ਨਹੀਂ ਕਿੰਨੇ ਕੁ ਬੱਦਲ ਸਾਵਣ ਬਣ ਮੇਰੀ ਤਨਹਾਈ ਉੱਤੇ
ਵਰ੍ਹਦੇ ਨੇ
ਤੇ ਕਿੰਨੀਆਂ ਕੁ ਕਾਲੀਆਂ ਰਾਤਾਂ ਨੇ ਮੇਰੇ ਦਿਲ ਨੂੰ ਇੱਕ ਨਵੀਂ
ਸਵੇਰ ਦੇ ਆਣ ਦੀਆਂ ਬਾਤਾਂ ਸੁਣਾਈਆਂ ਨੇ

ਅਤੇ ਅਨੇਕਾਂ ਚਾਵਾਂ ਦੇ ਰੁੱਖ ਇਸ ਖਿਆਲਾਂ ਦੀ ਮਿੱਟੀ ਵਿੱਚ
ਜਵਾਨ ਹੋਏ ਤੇ ਮੇਰੇ ਜਿਗਰੇ ਨੂੰ ਛਾਵਾਂ ਕਰਦੇ ਨੇ ਇਸ ਲਈ
ਇਹ ਬ੍ਰਹਿਮੰਡ ਤੇਰੀ ਦੇਣ ਹੈ
ਮੈਂ ਇਸ ਮੁਹੱਬਤ ਨਾਮੀ ਬ੍ਰਹਿਮੰਡ ਦਾ ਕਦੀ ਅੰਤ ਨਹੀਂ
ਦੇਖਣਾ ਚਾਹੁੰਦਾ
ਮੈਂ ਇਸ ਦੀ ਗਹਿਰਾਈ ਚ ਗਹਿਰਾ ਸਫ਼ਰ ਤਹਿ ਕਰਨਾ
ਚਾਹੁੰਦਾ ਹਾਂ
ਜਿਸ ਦਾ ਕਦੀ ਵੀ ਅੰਤ ਨਾ ਹੋਵੇ ਤੇ ਮੈਂ ਮੇਰੀ ਚਾਹਤ ਦੀ
ਸੀਮਾ ਨੂੰ ਬ੍ਰਹਿਮੰਡ ਦਾ ਨਾਮ ਦੇਣਾ ਚਾਹੁੰਦਾ ਹਾਂ
ਜੋ ਅਸੀਮ ਹੈ

**ਕਮਲ ਲਧਾਣਾ**

**ਇੰਸਟਾਗ੍ਰਾਮ : RALHKAMALJIT**

# ਚਿਹਰਾ ਮਾਸੂਮ

ਨਾ ਉਹ ਮੇਰੀ ਹੋਈ, ਨਾ ਮੈਂ ਉਹਦਾ ਬਣਿਆ
ਬਸ ਸਮਝ ਹੀ ਨੀ ਆਈ, ਕਦੋਂ ਕੀ ਬਣਿਆ

ਖ਼ੁਸ਼ੀ ਉਹ ਅਨੋਖੀ ਸੀ, ਦਿਲ ਸਾਡੇ ਨਵੇਂ ਜੁੜੇ ਸੀ
ਮੁਹੱਬਤਾਂ ਪਿਆਰਾਂ ਵਾਲੇ ਰੰਗ ਬੜੇ ਗੂੜ੍ਹੇ ਸੀ
ਦੁੱਖ ਤਕਲੀਫ਼ਾਂ ਸਭ ਖੰਭ ਲਾਕੇ ਉੜੇ ਸੀ
ਜਦੋਂ ਬੋਲਾਂ ਉਹਦਿਆਂ ਨੂੰ ਸੀ ਮੈਂ ਪਹਿਲੀ ਵਾਰੀ ਸੁਣਿਆ
ਨਾ ਉਹ ਮੇਰੀ ਹੋਈ, ਨਾ ਮੈਂ ਉਹਦਾ ਬਣਿਆ
ਬਸ ਸਮਝ ਹੀ ਨਹੀਂ ਲੱਗੀ, ਕਦੋਂ ਕੀ ਬਣਿਆ

ਜਾਪਦਾ ਸੀ ਜਿਵੇਂ ਕੁਝ ਨਵਾਂ ਹੋਈ ਜਾਂਦਾ ਏ
ਖੌਰੇ ਕਾਹਤੋਂ ਅੱਜ ਮੇਰਾ ਦਿਲ ਖੋਹੀ ਜਾਂਦਾ ਏ
ਮਾਸੂਮ ਇੱਕ ਚਿਹਰਾ ਮੈਨੂੰ ਮੱਲੋ ਜ਼ੋਰੀ ਮੋਹੀ ਜਾਂਦਾ ਏ
ਗਿਆ ਸੀ ਮੈਂ ਇਸ਼ਕੇ ਦੀ ਤਾਣੀ ਵਿੱਚ ਤਣਿਆ
ਨਾ ਉਹ ਮੇਰੀ ਹੋਈ, ਨਾ ਮੈਂ ਉਹਦਾ ਬਣਿਆ
ਬਸ ਸਮਝ ਹੀ ਨੀ ਲੱਗੀ, ਕਦੋਂ ਕੀ ਬਣਿਆ ..

ਇੱਕ ਹੜ੍ਹ ਐਸਾ ਆਇਆ, ਸਾਰੇ ਸੁਪਨੇ ਰੋੜ੍ਹ ਲੈ ਗਿਆ
ਚਿਹਰੇ ਉਹ ਮਾਸੂਮ ਤੋਂ ਨਕਾਬ ਜਦੋਂ ਲਹਿ ਗਿਆ

" ਅਮਨਾ " ਵਿਚਾਰਾ ਸਭ ਕੁਝ ਖੋਹ ਕੇ ਬਹਿ ਗਿਆ
ਹੁਣ ਕਰੀਂ ਨਾ ਯਕੀਨ ਕਦੇ ਦਿਲਾ ਬਾਈ ਬਣਿਆ
ਨਾ ਉਹ ਮੇਰੀ ਹੋਈ, ਨਾ ਮੈਂ ਉਹਦਾ ਬਣਿਆ
ਬਸ ਸਮਝ ਹੀ ਨੀ ਆਈ, ਕਦੋਂ ਕੀ ਬਣਿਆ

**ᯓ✍❀❀ ਕਰੇਜ਼ੀ ਰਾਇਟਰ ❀❀৲ᯓ**

**ਇੰਸਟਾਗ੍ਰਾਮ : DEEP_SOCH7**

# ਮੁਸਾਫ਼ਿਰ

ਹੌਲੀ ਹੌਲੀ ਸਫਰਾਂ ਤੇ ਜਾਈਂ ਵੇ ਮੁਸਾਫ਼ਿਰਾ
ਦੇਖੀਂ ਕਿਤੇ ਤਿਲਕ ਨਾ ਜਾਈਂ ਵੇ ਮੁਸਾਫ਼ਿਰਾ

ਜ਼ਿੰਦਗੀ ਦੇ ਇਹਨਾਂ ਟੇਢੇ ਮੇਢੇ ਪੈਂਡਿਆਂ ਤੇ
ਪੂਰਾ ਹੋਕੇ ਚੁਕੰਨਾ ਤੁਰੀਂ ਜਾਈਂ ਵੇ ਮੁਸਾਫ਼ਿਰਾ

ਪਹਿਲਾਂ ਹੀ ਲਹੂ ਸਾਰਾ ਚੂਸ ਲਿਆ ਕੰਡਿਆਂ ਨੇ
ਹੋਰ ਹੁਣ ਠੋਕਰਾਂ ਨਾ ਖਾਈਂ ਵੇ ਮੁਸਾਫ਼ਿਰਾ

ਹਮਸਫ਼ਰ ਕਈ ਭਾਵੇਂ ਮਿਲ ਜਾਣੇ ਰਾਹਾਂ ਵਿੱਚ
ਬਸ ਦੋ ਚਾਰ ਸਾਥੀ ਹੀ ਬਣਾਈਂ ਵੇ ਮੁਸਾਫ਼ਿਰਾ

ਤੁਰਿਆ ਹੀ ਜਾਵੇਂਗਾ ਜਾਂ ਦਮ ਵੀ ਲਵੇਂਗਾ ?
ਘੜੀ ਦੋ ਪਲ ਛਾਵੇਂ ਬਹਿੰਦਾ ਜਾਈਂ ਵੇ ਮੁਸਾਫ਼ਿਰਾ

ਲੰਘ ਸੱਭੇ ਔਕੜਾਂ ਜਦ ਪਹੁੰਚਿਆ ਤੂੰ ਮੰਜ਼ਿਲਾਂ ਤੇ
ਘੱਲ ਦੇਈਂ ਸੁਨੇਹਾ ਚਾਈਂ ਚਾਈਂ ਵੇ ਮੁਸਾਫ਼ਿਰਾ

ਇੱਕ ਜਗਾਹ ਨਾ ਉਹ ਭੁੱਲੀਂ ਜਿੱਥੋਂ ਚੱਲਿਆ ਸੀ ਤੈਂ
ਮਨ ਕਰੇ ਤਾਂ ਕਦੀ ਮੁੜ ਆਈਂ ਵੇ ਮੁਸਾਫ਼ਿਰਾ

ਇਸ ਘਰ ਦੇ ਦਰਵਾਜ਼ੇ ਸਦਾ ਰਹਿਣੇ ਖੁੱਲ੍ਹੇ ਤੇਰੇ ਲਈ
ਅੱਧੀ ਰਾਤੀਂ ਭਾਵੇਂ ਬੂਹਾ ਖੜਕਾਈਂ ਵੇ ਮੁਸਾਫ਼ਿਰਾ

ਕਿੰਨੇ ਬੀਤ ਗਏ ਸਾਲ ਖੌਰੇ ਆਜੇ ਹੁਣ " ਅਮਨਾ "
ਬੈਠੀ ਦਰਾਂ ਚ ਉਡੀਕੇ ਬੁੱਢੀ ਮਾਈ ਵੇ ਮੁਸਾਫਿਰਾ

**꧁❀❀ ਕਰੇਜ਼ੀ ਰਾਇਟਰ ❀❀꧂**

**ਇੰਸਟਾਗ੍ਰਾਮ : DEEP_SOCH7**

# ਸੰਦੇਸ਼

ਤੁਸੀਂ ਇਸ ਕਿਤਾਬ ਦੀਆਂ ਰਚਨਾਵਾਂ ਨਾਲ ਸੰਬੰਧਿਤ ਆਪਣਾ ਰੀਵਿਊ ਲੇਖਕ ਨੂੰ ਨਿੱਜੀ ਤੌਰ ਤੇ ਮੈਸੇਜ ਜਾਂ ਈਮੇਲ ਕਰ ਕੇ ਦੇ ਸਕਦੇ ਹੋ। ਜੇਕਰ ਤੁਸੀਂ ਇਸ ਕਿਤਾਬ ਦੇ ਅਗਲੇ ਭਾਗ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਆਪਣੀਆਂ ਰਚਨਾਵਾਂ ਈਮੇਲ ਜਾਂ ਵਟਸਐਪ ਤੇ ਭੇਜ ਸਕਦੇ ਹੋ।

ਟੀਮ ਡਿਜੀਟਲ ਕਲਮਾਂ ਵਾਲੇ

---

www.punjabilibrary.com

---

# ਤਰਾਸ਼ ਦੇ ਗੁਲਜ਼ਾਰ

## ਡਿਜੀਟਲ ਕਲਮਾਂ ਵਾਲੇ



digitalkalmanwale@gmail.com

aunde_jande_khiyal

+91 9779670711